Australian Government

mediation resolve agreement confidential differences child-focused neutral safe

Punjabi | ਪੰਜਾਬੀ

# ਪਰਿਵਾਰਕ ਵਿਵਾਦ ਨਿਪਟਾਰਾ

ਆਸਟ੍ਰੇਲੀਆਈ ਸਰਕਾਰ ਪਰਿਵਾਰਕ ਵਿਵਾਦ ਨਿਪਟਾਰਾ ਸੇਵਾਵਾਂ ਨੂੰ ਮਾਲੀ ਸਹਾਇਤਾ ਦਿੰਦੀ ਹੈ ਤਾਂ ਜੋ ਆਸਟ੍ਰੇਲੀਆਈ ਪਰਿਵਾਰਾਂ ਨੂੰ ਅਦਾਲਤ ਵਿੱਚ ਜਾਣ ਦੀ ਲੋੜ ਤੋਂ ਬਿਨਾਂ ਉਨ੍ਹਾਂ ਦੇ ਬੱਚਿਆਂ ਦੇ ਹਿੱਤਾਂ ਨੂੰ ਪੂਰਾ ਕਰਨ ਵਾਲੇ ਪ੍ਰਬੰਧਾਂ 'ਤੇ ਚਰਚਾ ਕਰਨ ਅਤੇ ਸਹਿਮਤ ਹੋਣ ਵਿੱਚ ਮੱਦਦ ਕੀਤੀ ਜਾ ਸਕੇ।

## ਪਰਿਵਾਰਕ ਵਿਵਾਦ ਨਿਪਟਾਰਾ (FDR) ਕੀ ਹੁੰਦਾ ਹੈ?

ਪਰਿਵਾਰਕ ਵਿਵਾਦ ਨਿਪਟਾਰਾ (FDR) ਇੱਕ ਕਿਸਮ ਦੀ ਵਿਚੋਲਗੀ ਹੈ ਜੋ ਵੱਖ ਹੋ ਰਹੇ ਪਰਿਵਾਰਾਂ ਨੂੰ ਅਦਾਲਤ ਜਾਣ ਦੀ ਜ਼ਰੂਰਤ ਤੋਂ ਬਿਨਾਂ ਆਪਣੇ ਝਗੜਿਆਂ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਨ ਵਿੱਚ ਸਹਾਇਤਾ ਕਰਦੀ ਹੈ। FDR ਸੇਵਾ ਲੋਕਾਂ ਨੂੰ ਜਾਇਦਾਦ, ਪੈਸਿਆਂ ਅਤੇ ਸਭ ਤੋਂ ਵੱਧ ਅਹਿਮ ਗੱਲ—ਬੱਚਿਆਂ ਨਾਲ ਜੁੜੇ ਮੁੱਦਿਆਂ ਸਮੇਤ ਕਈ ਮੁੱਦਿਆਂ 'ਤੇ ਸਹਿਮਤ ਹੋਣ ਵਿੱਚ ਮੱਦਦ ਕਰ ਸਕਦੀ ਹੈ।

FDR ਸੇਵਾਵਾਂ ਬਹੁਤ ਸਾਰੇ ਪੇਸ਼ੇਵਰਾਂ ਅਤੇ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਉਦਾਹਰਨ ਲਈ, ਫੈਮਿਲੀ ਰਿਲੇਸ਼ਨਸ਼ਿਪ ਸੈਂਟਰਾਂ, ਭਾਈਚਾਰਕ ਸੰਸਥਾਵਾਂ, ਲੀਗਲ ਏਡ ਕਮਿਸ਼ਨ, ਅਤੇ ਉਨ੍ਹਾਂ ਪੇਸ਼ੇਵਰਾਂ ਦੁਆਰਾ ਜੋ ਨਿੱਜੀ (ਭੁਗਤਾਨਸ਼ੁਦਾ) FDR ਸੇਵਾਵਾਂ ਪ੍ਰਦਾਨ ਕਰਦੇ ਹਨ। ਜੇਕਰ ਤੁਸੀਂ ਕਿਸੇ ਦੂਰ-ਦੁਰਾਡੇ ਦੇ ਇਲਾਕੇ ਵਿੱਚ ਰਹਿੰਦੇ ਹੋ ਜਾਂ ਕਿਸੇ ਸੇਵਾ ਪ੍ਰਦਾਤਾ ਕੋਲ ਨਹੀਂ ਜਾ ਸਕਦੇ ਹੋ, ਤਾਂ ਤੁਸੀਂ ਟੈਲੀਫ਼ੋਨ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਵੀ FDR ਸੇਵਾਵਾਂ ਲੈ ਸਕਦੇ ਹੋ।

ਸਿਰਫ਼ ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰਾਂ ਨੂੰ ਹੀ FDR ਸੇਵਾਵਾਂ ਪ੍ਰਦਾਨ ਕਰਨ ਦੀ ਆਗਿਆ ਹੈ। ਤੁਸੀਂ ਪਰਿਵਾਰਕ ਵਿਵਾਦ ਦਾ ਨਿਪਟਾਰਾ ਰਜਿਸਟਰ (Family Dispute Resolution Register (https://fdrr.ag.gov.au/)) ਵੀ ਚੈੱਕ ਕਰ ਸਕਦੇ ਹੋ ਤਾਂ ਜੋ ਇਹ ਪਤਾ ਲੱਗ ਸਕੇ ਕਿ ਕੋਈ ਵਿਅਕਤੀ ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰ ਹੈ ਜਾਂ ਨਹੀਂ।

## ਕੀ FDR ਸੇਵਾ ਲੈਣਾ ਲਾਜ਼ਮੀ ਹੁੰਦਾ ਹੈ?

ਕਾਨੂੰਨ ਅਨੁਸਾਰ ਵੱਖ ਹੋ ਚੁੱਕੇ ਮਾਪਿਆਂ ਲਈ ਅਦਾਲਤ ਵਿੱਚ ਬੱਚਿਆਂ ਦੇ ਪਾਲਣ-ਪੋਸ਼ਣ ਦੇ ਆਦੇਸ਼ਾਂ ਲਈ ਅਰਜ਼ੀ ਦੇਣ ਤੋਂ ਪਹਿਲਾਂ ਪਰਿਵਾਰਕ ਵਿਵਾਦ ਨਿਪਟਾਰਾ (FDR) ਕਰਨ ਦੀ ਕੋਸ਼ਿਸ਼ ਕਰਨੀ ਲਾਜ਼ਮੀ ਹੈ, ਜਦ ਤੱਕ ਕਿ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵਧੇਰੇ ਛੋਟਾਂ ਲਾਗੂ ਨਹੀਂ ਹੁੰਦੀਆਂ ਹਨ:

- ਜੇਕਰ ਤੁਸੀਂ 'ਸਹਿਮਤੀ ਆਦੇਸ਼ਾਂ' (consent orders) ਰਾਹੀਂ ਪਹਿਲਾਂ ਹੀ ਰਸਮੀ ਇਕਰਾਰਨਾਮਾ ਕੀਤਾ ਹੋਇਆ ਹੈ
- ਜੇਕਰ ਪਰਿਵਾਰ ਵਿੱਚ ਹਿੰਸਾ ਹੋਈ ਹੋਵੇ ਜਾਂ ਬਾਲ ਸ਼ੋਸ਼ਣ ਹੋਇਆ ਹੋਵੇ
- ਜੇਕਰ ਤੁਸੀਂ ਅਦਾਲਤ ਵਿੱਚ ਦਾਇਰ ਕੀਤੀ ਗਈ ਅਰਜ਼ੀ ਦਾ ਜਵਾਬ ਦੇ ਰਹੇ ਹੋਵੋ
- ਜੇਕਰ ਤੁਰੰਤ ਫ਼ੈਸਲਾ ਲੈਣਾ ਲਾਜ਼ਮੀ ਹੋਵੇ
- ਜੇਕਰ ਕੋਈ ਵਿਅਕਤੀ FDR ਵਿੱਚ ਭਾਗ ਲੈਣ ਦੇ ਅਯੋਗ ਹੈ

- ਜੇਕਰ ਕਿਸੇ ਵਿਅਕਤੀ ਨੇ ਪਿਛਲੇ 12 ਮਹੀਨਿਆਂ ਵਿੱਚ ਅਦਾਲਤ ਦੇ ਆਦੇਸ਼ ਦੀ ਪਾਲਣਾ ਨਹੀਂ ਕੀਤੀ ਹੈ, ਜਾਂ ਉਸ ਦੀ ਗੰਭੀਰ ਅਣਦੇਖੀ ਕੀਤੀ ਹੈ।

ਇੱਥੋਂ ਤੱਕ ਕਿ ਜਿਹੜੇ ਲੋਕ ਪਹਿਲਾਂ ਅਦਾਲਤ ਜਾ ਚੁੱਕੇ ਹਨ, ਉਨ੍ਹਾਂ ਨੂੰ ਵੀ FDR ਦੀ ਕੋਸ਼ਿਸ਼ ਕਰਨੀ ਪੈ ਸਕਦੀ ਹੈ ਜੇਕਰ ਉਨ੍ਹਾਂ ਨੂੰ ਨਵੇਂ ਅਦਾਲਤੀ ਆਦੇਸ਼ਾਂ ਦੀ ਲੋੜ ਹੈ ਜਾਂ ਮੌਜੂਦਾ ਆਦੇਸ਼ਾਂ ਨੂੰ ਬਦਲਣ ਦੀ ਲੋੜ ਹੈ।

ਜੇਕਰ ਕੋਈ ਵੀ ਛੋਟ ਲਾਗੂ ਨਹੀਂ ਹੁੰਦੀ, ਤਾਂ ਤੁਹਾਨੂੰ ਬੱਚਿਆਂ ਦੇ ਪਾਲਣ-ਪੋਸ਼ਣ ਨਾਲ ਜੁੜੇ ਮਾਮਲੇ ਵਿੱਚ ਅਦਾਲਤ ਤੋਂ ਫ਼ੈਸਲਾ ਕਰਵਾਉਣ ਦੇ ਲਈ ਮਾਨਤਾ-ਪ੍ਰਾਪਤ FDR ਪ੍ਰੈਕਟੀਸ਼ਨਰ ਵੱਲੋਂ ਦਿੱਤਾ ਸਰਟੀਫ਼ਿਕੇਟ ਦਾਇਰ ਕਰਨ ਦੀ ਲੋੜ ਪਵੇਗੀ। ਇਹ ਸਰਟੀਫ਼ਿਕੇਟ ਸਿਰਫ਼ ਉਹੀ FDR ਪ੍ਰੈਕਟੀਸ਼ਨਰ ਦੇ ਸਕਦੇ ਹਨ ਜੋ ਪਰਿਵਾਰਕ ਕਾਨੂੰਨ (ਪਰਿਵਾਰਕ ਵਿਵਾਦ ਨਿਪਟਾਰਾ ਪ੍ਰੈਕਟੀਸ਼ਨਰ) ਰੈਗੂਲੇਸ਼ਨਜ਼ 2025 ਦੇ ਤਹਿਤ ਮਾਨਤਾ ਪ੍ਰਾਪਤ ਹਨ।

## FDR ਪ੍ਰੈਕਟੀਸ਼ਨਰ ਮੈਨੂੰ ਕਿਹੜੀ ਜਾਣਕਾਰੀ ਦੇਵੇਗਾ?

FDR ਸ਼ੁਰੂ ਕਰਨ ਤੋਂ ਪਹਿਲਾਂ, ਤੁਹਾਡੇ FDR ਪ੍ਰੈਕਟੀਸ਼ਨਰ ਨੂੰ ਤੁਹਾਨੂੰ ਉਹਨਾਂ ਦੀਆਂ ਯੋਗਤਾਵਾਂ, FDR ਪ੍ਰਕਿਰਿਆ ਬਾਰੇ ਦੱਸਣਾ ਲਾਜ਼ਮੀ ਹੁੰਦਾ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੁੰਦਾ ਹੈ ਕਿ FDR ਵਿੱਚ ਤੁਸੀਂ ਜੋ ਕਹੋਗੇ ਉਹ ਕਿੰਨਾ ਗੁਪਤ ਰਹੇਗਾ, ਇਸਦੀ ਕੀਮਤ ਕਿੰਨੀ ਹੋਵੇਗੀ, ਅਤੇ ਇਸ ਬਾਰੇ ਜਾਣਕਾਰੀ ਕਿ ਜੇਕਰ ਤੁਹਾਨੂੰ ਕੋਈ ਸਮੱਸਿਆ ਹੋਵੇ ਤਾਂ ਤੁਸੀਂ ਇਸ ਸੇਵਾ ਬਾਰੇ ਸ਼ਿਕਾਇਤ ਕਿਵੇਂ ਕਰ ਸਕਦੇ ਹੋ। ਉਹ ਤੁਹਾਨੂੰ ਹੋਰ ਸੇਵਾਵਾਂ ਬਾਰੇ ਵੀ ਦੱਸ ਸਕਦੇ ਹਨ ਜੋ ਤੁਹਾਡੀ ਮੱਦਦ ਕਰ ਸਕਦੀਆਂ ਹਨ। FDR ਪ੍ਰੈਕਟੀਸ਼ਨਰ ਤੁਹਾਨੂੰ ਇਹ ਜਾਣਕਾਰੀ ਵੀ ਦੇਵੇਗਾ ਕਿ ਅਦਾਲਤ ਵਿੱਚ ਜਾਣ ਤੋਂ ਪਹਿਲਾਂ FDR ਵਿੱਚ ਹਾਜ਼ਰ ਹੋਣਾ ਕਿਵੇਂ ਲਾਜ਼ਮੀ ਹੈ, ਸੈਕਸ਼ਨ 60I ਸਰਟੀਫ਼ਿਕੇਟ ਕਿਵੇਂ ਲੈਣਾ ਹੈ, ਅਤੇ ਇਹ ਕਿ ਅਦਾਲਤ ਕਿਸੇ ਵਿਅਕਤੀ ਵਿਰੁੱਧ ਖ਼ਰਚੇ ਦੇਣ ਦਾ ਫ਼ੈਸਲਾ ਕਰਦੇ ਸਮੇਂ ਉਸ ਸਰਟੀਫ਼ਿਕੇਟ ਨੂੰ ਧਿਆਨ ਵਿੱਚ ਰੱਖ ਸਕਦੀ ਹੈ।

ਜੇਕਰ ਤੁਸੀਂ ਆਪਣੇ ਬੱਚਿਆਂ ਬਾਰੇ ਕਿਸੇ ਅਸਹਿਮਤੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਹਾਨੂੰ ਆਪਣੇ ਬੱਚੇ ਦੇ ਸਰਵੋਤਮ ਹਿੱਤਾਂ ਵਿੱਚ ਕੰਮ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ।

ਜੇਕਰ ਤੁਸੀਂ ਪੈਸਿਆਂ ਜਾਂ ਜਾਇਦਾਦ ਬਾਰੇ ਕਿਸੇ ਅਸਹਿਮਤੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਪ੍ਰੈਕਟੀਸ਼ਨਰ ਤੁਹਾਨੂੰ ਇਸ ਬਾਰੇ ਜਾਣਕਾਰੀ ਦੇਵੇਗਾ ਕਿ ਤੁਹਾਡਾ ਕਾਨੂੰਨੀ ਫ਼ਰਜ਼ ਹੈ ਕਿ ਤੁਸੀਂ ਇੱਕ ਦੂਜੇ ਦੇ ਨਾਲ ਅਤੇ ਅਦਾਲਤ ਨਾਲ ਸਾਰੀ ਸੰਬੰਧਿਤ ਵਿੱਤੀ ਜਾਣਕਾਰੀ ਅਤੇ ਕਾਗਜ਼ਾਤ ਸਾਂਝੇ ਕਰੋ।

## FDR ਵਿੱਚ ਕੌਣ ਜਾ ਸਕਦਾ ਹੈ?

ਅਸਹਿਮਤੀ ਵਾਲੇ ਲੋਕਾਂ ਨੂੰ FDR ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦੀ ਲੋੜ ਹੁੰਦੀ ਹੈ। ਜੇਕਰ ਅਜਿਹਾ ਕਰਨਾ ਉਚਿਤ ਹੋਵੇ, ਤਾਂ ਤੁਸੀਂ ਆਪਣੇ ਪਰਿਵਾਰਕ ਮੈਂਬਰਾਂ ਜਾਂ ਕਿਸੇ ਸਹਾਇਤਾ ਕਰਨ ਵਾਲੇ ਵਿਅਕਤੀ, ਜਿਵੇਂ ਕਿ ਤੁਹਾਡੇ ਵਕੀਲ ਨੂੰ ਆਪਣੇ ਨਾਲ ਲਿਆ ਸਕਦੇ ਹੋ। ਪਰ ਇਹ ਜ਼ਰੂਰੀ ਹੈ ਕਿ FDR ਪ੍ਰੈਕਟੀਸ਼ਨਰ ਤੁਹਾਡੇ ਨਾਲ ਸੈਸ਼ਨਾਂ ਵਿੱਚ ਆਉਣ ਵਾਲੇ ਹੋਰ ਵਿਅਕਤੀਆਂ ਦੀ ਹਾਜ਼ਰੀ ਨਾਲ ਸਹਿਮਤ ਹੋਵੇ। ਜੇਕਰ ਤੁਸੀਂ ਆਪਣੇ ਨਾਲ ਕਿਸੇ ਸਹਾਇਤਾ ਵਿਅਕਤੀ ਜਾਂ ਵਕੀਲ ਨੂੰ ਲਿਆਉਣ ਦੀ ਯੋਜਨਾ ਬਣਾ ਰਹੇ ਹੋ, ਤਾਂ ਤੁਹਾਨੂੰ ਇਸ ਬਾਰੇ ਜਿੰਨੀ ਜਲਦੀ ਹੋ ਸਕੇ FDR ਪ੍ਰੈਕਟੀਸ਼ਨਰ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

## ਕੀ ਮੇਰੇ ਬੱਚੇ ਨੂੰ FDR ਵਿੱਚ ਸ਼ਾਮਲ ਕੀਤਾ ਜਾਵੇਗਾ?

ਨਹੀਂ, ਪਰ ਤੁਹਾਡੇ ਹਾਲਾਤਾਂ ਅਤੇ ਤੁਹਾਡੇ ਬੱਚੇ ਦੀ ਉਮਰ ਅਤੇ ਪਰਿਪੱਕਤਾ ਵਰਗੇ ਕਈ ਕਾਰਕਾਂ 'ਤੇ ਨਿਰਭਰ ਕਰਦੇ ਹੋਏ, ਇੱਕ ਫੈਮਿਲੀ ਕਾਊਂਸਲਰ ਜਾਂ ਚਾਈਲਡ ਸਾਈਕੋਲੋਜਿਸਟ (ਬਾਲ ਮਨੋਵਿਗਿਆਨੀ) ਤੁਹਾਡੇ ਬੱਚੇ ਨਾਲ ਗੱਲ ਕਰ ਸਕਦਾ ਹੈ। ਇਹ ਕੇਵਲ ਮਾਪਿਆਂ ਦੀ ਸਹਿਮਤੀ ਨਾਲ ਹੀ ਕੀਤਾ ਜਾਵੇਗਾ।

## FDR ਦੌਰਾਨ ਕੀ ਹੁੰਦਾ ਹੈ?

ਵਿਚੋਲਗੀ ਸ਼ੁਰੂ ਕਰਨ ਤੋਂ ਪਹਿਲਾਂ, ਇਹ ਦੇਖਣ ਲਈ ਮੁਲਾਂਕਣ ਕੀਤਾ ਜਾਵੇਗਾ ਕਿ ਕੀ FDR ਤੁਹਾਡੀ ਸਥਿਤੀ ਲਈ ਢੁੱਕਵਾਂ ਹੈ ਜਾਂ ਨਹੀਂ। FDR ਪ੍ਰੈਕਟੀਸ਼ਨਰ ਨਿਰਪੱਖ ਹੁੰਦੇ ਹਨ ਅਤੇ ਉਹ ਕਿਸੇ ਇੱਕ ਦਾ ਪੱਖ ਨਹੀਂ ਲੈਣਗੇ। ਉਹ ਪਰਿਵਾਰਕ ਮੁੱਦਿਆਂ ਨੂੰ ਇੱਕ ਉਦੇਸ਼ਪੂਰਨ ਅਤੇ ਸਕਾਰਾਤਮਕ ਤਰੀਕੇ ਨਾਲ ਵਿਚਾਰਨ ਤੁਹਾਡੀ ਮੱਦਦ ਕਰ ਸਕਦੇ ਹਨ। ਕਾਊਂਸਲਿੰਗ ਪ੍ਰਕਿਰਿਆਂ ਤੋਂ ਉਲਟ, FDR ਸੇਵਾ ਰਿਸ਼ਤਿਆਂ ਦੇ ਭਾਵਨਾਤਮਕ ਪੱਖ 'ਤੇ ਧਿਆਨ-ਕੇਂਦਰਿਤ ਨਹੀਂ ਕਰਦੀ ਹੈ। ਇਹ ਵਿਸ਼ੇਸ਼ ਵਿਵਾਦਾਂ ਨੂੰ ਹੱਲ ਕਰਨ 'ਤੇ ਧਿਆਨ-ਕੇਂਦਰਿਤ ਕਰਦੀ ਹੈ।

ਤੁਹਾਨੂੰ FDR ਪ੍ਰੈਕਟੀਸ਼ਨਰ ਦੀ ਮੱਦਦ ਨਾਲ ਵਿਵਾਦ ਨੂੰ ਹੱਲ ਕਰਨ ਦੀ ਸੱਚੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

FDR ਤੁਹਾਨੂੰ ਦੋਵਾਂ ਪੱਖਾਂ ਨੂੰ ਮੁੱਦਿਆਂ ਉੱਤੇ ਗੱਲ ਕਰਨ, ਵੱਖ-ਵੱਖ ਵਿਕਲਪਾਂ ਨੂੰ ਵੇਖਣ ਅਤੇ ਇਹ ਪਤਾ ਲਗਾਉਣ ਵਿੱਚ ਮੱਦਦ ਕਰ ਸਕਦਾ ਹੈ ਕਿ ਸਮਝੌਤੇ 'ਤੇ ਕਿਵੇਂ ਪਹੁੰਚਣਾ ਹੈ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਤੁਸੀਂ ਆਪਣੇ ਬੱਚਿਆਂ ਦੀ ਸੰਭਾਲ ਲਈ ਪਾਲਣ-ਪੋਸ਼ਣ ਯੋਜਨਾ ਬਣਾਉਣ ਲਈ FDR ਦੀ ਵਰਤੋਂ ਕਰ ਸਕਦੇ ਹੋ। FDR ਪ੍ਰੈਕਟੀਸ਼ਨਰ ਇਹ ਵੀ ਦੇਖੇਗਾ ਕਿ ਸਭ ਨੂੰ ਇਹ ਸਮਝ ਆ ਰਿਹਾ ਹੈ ਕਿ ਕੀ ਗੱਲ ਚੱਲ ਰਹੀ ਹੈ ਅਤੇ ਕਿਸ ਗੱਲ ਉੱਤੇ ਸਹਿਮਤੀ ਹੋਈ ਹੈ।

## ਜੇਕਰ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋਵੋ ਤਾਂ ਕੀ ਹੋਵੇਗਾ?

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ FDR ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਵੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਕਰੋ। ਜੇਕਰ ਤੁਸੀਂ ਆਪਣੀ ਜਾਂ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਹੋ, ਤਾਂ ਤੁਹਾਨੂੰ ਇਹ ਗੱਲ ਜਿੰਨੀ ਜਲਦੀ ਹੋ ਸਕੇ ਆਪਣੇ FDR ਪ੍ਰੈਕਟੀਸ਼ਨਰ ਜਾਂ FDR ਸੇਵਾ ਦੇ ਸਟਾਫ਼ ਨੂੰ ਦੱਸਣੀ ਚਾਹੀਦੀ ਹੈ। ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ FDR ਰੋਕ ਦਿੱਤਾ ਜਾਵੇ ਜਾਂ ਅੱਗੇ ਨਾ ਚਲਾਇਆ ਜਾਵੇ। FDR ਵਿੱਚ ਸ਼ਾਮਲ ਲੋਕਾਂ ਲਈ ਇਹ ਲਾਜ਼ਮੀ ਨਹੀਂ ਕਿ ਉਹ ਇੱਕੋ ਕਮਰੇ ਵਿੱਚ ਹੋਣ।

ਜੇਕਰ ਪਰਿਵਾਰਕ ਹਿੰਸਾ ਜਾਂ ਬਾਲ ਸ਼ੋਸ਼ਣ ਹੋਇਆ ਹੈ ਤਾਂ FDR ਕਰਨ ਦੀ ਕੋਈ ਲੋੜ ਨਹੀਂ ਹੁੰਦੀ ਹੈ।

## ਇਸਦਾ ਖ਼ਰਚਾ ਕਿੰਨ੍ਹਾ ਹੋਵੇਗਾ?

FDR ਅਦਾਲਤ ਜਾਣ ਜਾਂ ਕਾਨੂੰਨੀ ਫ਼ੀਸਾਂ ਦੇਣ ਨਾਲੋਂ ਤੇਜ਼ ਅਤੇ ਸਸਤਾ ਹੋ ਸਕਦਾ ਹੈ। FDR ਸੇਵਾਵਾਂ ਤੁਹਾਡੇ ਵਿੱਤੀ ਹਾਲਾਤਾਂ ਦੇ ਅਨੁਸਾਰ ਫ਼ੀਸਾਂ ਵਸੂਲ ਸਕਦੀਆਂ ਹਨ। ਜੇਕਰ ਤੁਹਾਡੀ ਆਮਦਨ ਘੱਟ ਹੈ ਜਾਂ ਤੁਸੀਂ ਪੈਸਿਆਂ ਦੀ ਤੰਗੀ ਦਾ ਸਾਹਮਣਾ ਕਰ ਰਹੇ ਹੋ, ਤਾਂ ਤੁਹਾਨੂੰ ਇਹ ਗੱਲ FDR ਸੇਵਾ ਨੂੰ ਜ਼ਰੂਰ ਦੱਸਣੀ ਚਾਹੀਦੀ ਹੈ।

## ਕੀ FDR ਵਿਖੇ ਕੀਤੀਆਂ ਗਈਆਂ ਗੱਲਾਂ ਗੁਪਤ ਹੁੰਦੀਆਂ ਹਨ ਅਤੇ ਕੀ ਉਨ੍ਹਾਂ ਨੂੰ ਅਦਾਲਤ ਵਿੱਚ ਵਰਤਿਆ ਜਾ ਸਕਦਾ ਹੈ?

ਜ਼ਿਆਦਾਤਰ ਚੀਜ਼ਾਂ ਜੋ ਤੁਸੀਂ FDR ਵਿੱਚ ਕਹਿੰਦੇ ਹੋ ਉਹ ਗੁਪਤ ਹੁੰਦੀਆਂ ਹਨ ਜਦੋਂ ਤੱਕ ਤੁਸੀਂ ਕਿਸੇ ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰ ਨਾਲ ਗੱਲ ਕਰ ਰਹੇ ਹੁੰਦੇ ਹੋ। ਕਈ ਵਾਰ ਕਾਨੂੰਨ ਤਹਿਤ FDR ਪ੍ਰੈਕਟੀਸ਼ਨਰ ਨੂੰ ਤੁਹਾਡੇ ਵੱਲੋਂ ਕਹੀ ਗਈ ਕਿਸੇ ਗੱਲ ਦਾ ਖੁਲਾਸਾ ਕਰਨ ਦੀ ਲੋੜ ਹੋ ਸਕਦੀ ਹੈ, ਜਿਵੇਂ ਕਿ ਜੇਕਰ ਇਹ ਗੱਲ ਬੱਚੇ ਨਾਲ ਹੋ ਰਹੇ ਸ਼ੱਕੀ ਬਾਲ ਸ਼ੋਸ਼ਣ, ਜਾਂ ਕਿਸੇ ਗੰਭੀਰ ਅਪਰਾਧ, ਜਾਂ ਕਿਸੇ ਦੀ ਜਾਨ ਨੂੰ ਹੋਣ ਵਾਲੇ ਖ਼ਤਰੇ ਨਾਲ ਜੁੜੀ ਹੋਈ ਹੋਵੇ।

ਉਹ ਲੋਕ ਜੋ ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰ ਨਹੀਂ ਹਨ, ਜਿਵੇਂ ਕਿ ਇਨਟੇਕ ਅਫ਼ਸਰ ਜਾਂ ਸਹਾਇਕ, ਉਹਨਾਂ ਉੱਤੇ ਗੁਪਤਤਾ ਦੇ ਨਿਯਮ ਲਾਗੂ ਨਹੀਂ ਹੁੰਦੇ ਹਨ। FDR ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਇਹ ਪੁਸ਼ਟੀ ਕਰ ਲੈਣੀ ਚਾਹੀਦੀ ਹੈ ਕਿ

ਤੁਹਾਡਾ FDR ਪ੍ਰੈਕਟੀਸ਼ਨਰ ਇੱਕ ਮਾਨਤਾ ਪ੍ਰਾਪਤ ਪ੍ਰੈਕਟੀਸ਼ਨਰ ਹੈ। ਤੁਸੀਂ ਪਰਿਵਾਰਕ ਵਿਵਾਦ ਨਿਪਟਾਰਾ ਰਜਿਸਟਰ (Family Dispute Resolution Register) ਵਿੱਚ ਚੈੱਕ ਕਰ ਸਕਦੇ ਹੋ ਕਿ ਕੋਈ ਵਿਅਕਤੀ ਮਾਨਤਾ ਪ੍ਰਾਪਤ ਹੈ ਜਾਂ ਨਹੀਂ।

FDR ਦੌਰਾਨ ਤੁਸੀਂ ਜੋ ਵੀ ਕਹਿੰਦੇ ਹੋ, ਉਹਨਾਂ ਗੱਲਾਂ ਨੂੰ ਅਦਾਲਤ ਵਿੱਚ ਵਰਤਿਆ ਨਹੀਂ ਜਾ ਸਕਦਾ, ਜਦ ਤੱਕ ਉਹ ਬਾਲ ਸ਼ੋਸ਼ਣ ਨਾਲ ਸੰਬੰਧਿਤ ਨਹੀਂ ਹੁੰਦੀਆਂ। ਇਸਦਾ ਮਤਲਬ ਇਹ ਹੈ ਕਿ ਭਾਵੇਂ FDR ਵਿੱਚ ਤੁਹਾਡੀ ਸਹਿਮਤੀ ਨਾ ਬਣੇ ਅਤੇ ਤੁਹਾਨੂੰ ਅਦਾਲਤ ਜਾਣਾ ਪਵੇ, ਤਾਂ ਜੱਜ ਜਦੋਂ ਅਦਾਲਤ ਵਿੱਚ ਫ਼ੈਸਲਾ ਕਰ ਰਿਹਾ ਹੁੰਦਾ ਹੈ, ਤਾਂ ਉਹ FDR ਦੌਰਾਨ ਹੋਈ ਤੁਹਾਡੀ ਕਿਸੇ ਵੀ ਗੱਲ ਦੀ ਵਰਤੋਂ ਨਹੀਂ ਕਰ ਸਕਦਾ, ਜਦ ਤੱਕ ਕਿ ਇਹ ਬਾਲ ਸ਼ੋਸ਼ਣ ਨਾਲ ਜੁੜੀ ਹੋਈ ਨਾ ਹੋਵੇ।

ਜੇਕਰ ਤੁਹਾਡਾ FDR ਪ੍ਰੈਕਟੀਸ਼ਨਰ ਤੁਹਾਨੂੰ ਕਿਸੇ ਪੇਸ਼ੇਵਰ ਸੇਵਾ ਲਈ ਕਿਸੇ ਹੋਰ ਵਿਅਕਤੀ ਕੋਲ ਭੇਜਦਾ ਹੈ, ਤਾਂ ਤੁਸੀਂ ਉਸ ਪੇਸ਼ੇਵਰ ਨੂੰ ਜੋ ਵੀ ਦੱਸਦੇ ਹੋ, ਉਹ ਵੀ ਗੁਪਤ ਰਹਿੰਦਾ ਹੈ ਅਤੇ ਅਦਾਲਤ ਵਿੱਚ ਨਹੀਂ ਵਰਤਿਆ ਜਾ ਸਕਦਾ, ਜਦ ਤੱਕ ਕਿ ਇਹ ਗੱਲ ਬਾਲ ਸ਼ੋਸ਼ਣ ਨਾਲ ਸਬੰਧਿਤ ਨਾ ਹੋਵੇ।

## FDR ਵਿਖੇ ਹੋਏ ਕਿਸੇ ਵੀ ਸਮਝੌਤੇ ਦਾ ਕੀ ਹੁੰਦਾ ਹੈ?

ਜੇਕਰ ਤੁਸੀਂ ਬੱਚਿਆਂ ਦੀ ਦੇਖਭਾਲ ਸੰਬੰਧੀ ਕਿਸੇ ਸਹਿਮਤੀ 'ਤੇ ਪਹੁੰਚਦੇ ਹੋ, ਤਾਂ ਇਸਨੂੰ ਪਾਲਣ-ਪੋਸ਼ਣ ਯੋਜਨਾ ਵਜੋਂ ਲਿਖਤੀ ਰੂਪ ਵਿੱਚ ਰਿਕਾਰਡ ਕੀਤਾ ਜਾ ਸਕਦਾ ਹੈ। ਪਾਲਣ-ਪੋਸ਼ਣ ਯੋਜਨਾ ਲਿਖਤੀ ਰੂਪ ਵਿੱਚ ਹੋਣੀ ਲਾਜ਼ਮੀ ਹੈ, ਜਿਸ 'ਤੇ ਦੋਵਾਂ ਮਾਪਿਆਂ ਦੇ ਦਸਤਖ਼ਤ ਅਤੇ ਤਾਰੀਖ਼ ਹੋਣੀ ਚਾਹੀਦੀ ਹੈ। ਤੁਹਾਡੀ ਪਾਲਣ-ਪੋਸ਼ਣ ਯੋਜਨਾ ਵਿੱਚ ਇਹ ਲਿਖਿਆ ਹੋ ਸਕਦਾ ਹੈ ਕਿ ਅੱਗੇ ਜਾ ਕੇ ਕਿਸ ਤਰੀਕੇ ਨਾਲ ਪ੍ਰਬੰਧ ਬਦਲੇ ਜਾਂ ਅਸਹਿਮਤੀਆਂ ਹੱਲ ਕੀਤੀਆਂ ਜਾਣਗੀਆਂ। ਜੇਕਰ ਲੋੜ ਪੈਂਦੀ ਹੈ, ਤਾਂ ਪਾਲਣ-ਪੋਸ਼ਣ ਦੀਆਂ ਯੋਜਨਾਵਾਂ ਸਮੇਂ ਦੇ ਨਾਲ ਦੁਬਾਰਾ ਤੈਅ ਕੀਤੀਆਂ ਜਾ ਸਕਦੀਆਂ ਹਨ।

ਇਹ ਗੱਲ ਬਾਰੇ ਸੁਚੇਤ ਰਹੋ ਕਿ ਜੇਕਰ ਤੁਸੀਂ ਬੱਚਿਆਂ ਦੀ ਦੇਖਭਾਲ ਪ੍ਰਬੰਧਾਂ ਵਿੱਚ ਕੋਈ ਤਬਦੀਲੀ ਕਰਦੇ ਹੋ, ਤਾਂ ਇਹ ਚਾਈਲਡ ਸਪੋਰਟ, ਆਮਦਨੀ ਸਹਾਇਤਾ ਜਾਂ ਪਰਿਵਾਰਕ ਸਹਾਇਤਾ ਭੁਗਤਾਨਾਂ 'ਤੇ ਅਸਰ ਪਾ ਸਕਦੀ ਹੈ। ਤੁਹਾਡੀ ਪਾਲਣ-ਪੋਸ਼ਣ ਯੋਜਨਾ ਵਿੱਚ ਚਾਈਲਡ ਸਪੋਰਟ ਨੂੰ ਸ਼ਾਮਲ ਕਰਨ ਬਾਰੇ ਵਿਸ਼ੇਸ਼ ਨਿਯਮ ਲਾਗੂ ਹੁੰਦੇ ਹਨ। ਉਦਾਹਰਨ ਵਜੋਂ, ਜੇਕਰ ਤੁਸੀਂ ਆਪਣੀ ਪਾਲਣ-ਪੋਸ਼ਣ ਯੋਜਨਾ ਵਿੱਚ *ਚਾਈਲਡ ਸਪੋਰਟ* ਦੀ ਰਕਮ ਲਿਖੀ ਹੋਈ ਹੈ, ਤਾਂ ਚਾਈਲਡ ਸਪੋਰਟ ਵਿਭਾਗ ਇਸ ਨੂੰ ਉਦੋਂ ਤੱਕ ਲਾਗੂ ਨਹੀਂ ਕਰ ਸਕਦਾ ਜਦੋਂ ਤੱਕ ਇਹ ਇੱਕ ਵੈਧ *ਚਾਈਲਡ ਸਪੋਰਟ* ਇਕਰਾਰਨਾਮਾ ਨਾ ਹੋਵੇ, ਅਤੇ ਤੁਸੀਂ ਜਾਂ ਦੂਜਾ ਮਾਪਾ ਇਸਨੂੰ ਮੰਨਜ਼ੂਰ ਕਰਨ ਦੀ ਅਰਜ਼ੀ ਨਾ ਦੇਵੇ।

ਜੇਕਰ ਤੁਸੀਂ ਆਪਣੀ ਪਾਲਣ-ਪੋਸ਼ਣ ਯੋਜਨਾ ਜਾਂ ਵਿੱਤੀ/ਜਾਇਦਾਦੀ ਪ੍ਰਬੰਧਾਂ ਨੂੰ ਕਾਨੂੰਨੀ ਤੌਰ 'ਤੇ ਲਾਗੂ ਹੋਣ ਯੋਗ ਬਣਾਉਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਇਕਰਾਰਨਾਮੇ ਨੂੰ ਸਹਿਮਤੀ ਆਦੇਸ਼ ਬਣਾਉਣ ਲਈ ਅਦਾਲਤ ਨੂੰ ਅਰਜ਼ੀ ਦੇ ਸਕਦੇ ਹੋ। ਤੁਸੀਂ ਇਹ ਖੁਦ ਵੀ ਕਰ ਸਕਦੇ ਹੋ ਜਾਂ ਆਪਣੇ ਵਕੀਲ ਨੂੰ ਤੁਹਾਡੇ ਲਈ ਅਜਿਹਾ ਕਰਨ ਲਈ ਕਹਿ ਸਕਦੇ ਹੋ।

## ਜੇਕਰ FDR ਵਿੱਚ ਹੱਲ ਨਾ ਨਿਕਲੇ ਤਾਂ ਕੀ ਕਰਨਾ ਹੈ?

ਭਾਵੇਂ ਤੁਸੀਂ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ ਹੋ, ਪਰ FDR ਤੁਹਾਨੂੰ ਅਤੇ ਤੁਹਾਡੇ ਪੁਰਾਣੇ ਪਤੀ/ਪਤਨੀ ਜਾਂ ਜੀਵਨਸਾਥੀ ਨੂੰ ਬਿਹਤਰ ਤਰੀਕੇ ਨਾਲ ਗੱਲਬਾਤ ਕਰਨ ਜਾਂ ਤੁਹਾਡੇ ਕੁੱਝ ਕੁ ਮੁੱਦਿਆਂ ਨੂੰ ਹੱਲ ਕਰਨ ਵਿੱਚ ਮੱਦਦ ਕਰ ਸਕਦਾ ਹੈ। ਜੇਕਰ ਤੁਸੀਂ FDR ਰਾਹੀਂ ਕੋਸ਼ਿਸ਼ ਕਰਦੇ ਹੋ, ਪਰ ਫਿਰ ਵੀ ਪਾਲਣ-ਪੋਸ਼ਣ ਦੇ ਆਦੇਸ਼ ਲੈਣ ਲਈ ਅਦਾਲਤ ਵਿੱਚ ਜਾਣ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਕਿਸੇ ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰ ਤੋਂ ਸਰਟੀਫ਼ਿਕੇਟ ਲੈਣਾ ਪਵੇਗਾ।

ਇਸ ਸਰਟੀਫ਼ਿਕੇਟ ਵਿੱਚ ਹੇਠ ਲਿਖਿਆਂ ਵਿੱਚੋਂ ਕੁੱਝ ਲਿਖਿਆ ਹੋਵੇਗਾ:

- ਤੁਸੀਂ ਅਤੇ ਦੂਜੀ ਧਿਰ ਨੇ ਭਾਗ ਲਿਆ, ਅਤੇ ਵਿਵਾਦ ਨੂੰ ਹੱਲ ਕਰਨ ਲਈ ਸੱਚੀ ਕੋਸ਼ਿਸ਼ ਕੀਤੀ ਹੈ
- ਤੁਸੀਂ ਅਤੇ ਦੂਜੀ ਧਿਰ ਨੇ ਭਾਗ ਲਿਆ, ਪਰ ਤੁਹਾਡੇ ਵਿੱਚੋਂ ਇੱਕ ਜਾਂ ਦੋਵਾਂ ਨੇ ਵਿਵਾਦ ਸਹਿਮਤੀ ਨਾਲ ਹੱਲ ਕਰਨ ਲਈ ਸੱਚੀ ਕੋਸ਼ਿਸ਼ ਨਹੀਂ ਕੀਤੀ ਹੈ

- ਦੂਜੀ ਧਿਰ ਹਾਜ਼ਰ ਨਹੀਂ ਹੋਈ
- FDR ਪ੍ਰੈਕਟੀਸ਼ਨਰ ਨੇ ਫ਼ੈਸਲਾ ਕੀਤਾ ਹੈ ਕਿ ਤੁਹਾਡਾ ਕੇਸ FDR ਲਈ ਢੁੱਕਵਾਂ ਨਹੀਂ ਸੀ, ਜਾਂ
- FDR ਪ੍ਰੈਕਟੀਸ਼ਨਰ ਨੇ ਪ੍ਰਕਿਰਿਆ ਦੌਰਾਨ ਕਿਸੇ ਵੇਲੇ ਇਹ ਫ਼ੈਸਲਾ ਲਿਆ ਕਿ ਇਹ ਮਾਮਲਾ ਹੋਰ ਅੱਗੇ ਨਹੀਂ ਵਧਾਇਆ ਜਾ ਸਕਦਾ ਹੈ।

ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਤੁਸੀਂ FDR ਵਿੱਚ ਹਾਜ਼ਰ ਨਹੀਂ ਹੁੰਦੇ ਜਾਂ ਹਾਜ਼ਰ ਹੋਣ ਲਈ ਸੱਚੀ ਕੋਸ਼ਿਸ਼ ਕਰਦੇ ਹੋ, ਤਾਂ ਅਦਾਲਤ ਤੁਹਾਨੂੰ ਦੂਜੀ ਧਿਰ ਦੇ ਕਾਨੂੰਨੀ ਖ਼ਰਚਿਆ ਦਾ ਭੁਗਤਾਨ ਕਰਨ ਦਾ ਹੁਕਮ ਵੀ ਦੇ ਸਕਦੀ ਹੈ।

## ਮੈਂ ਕਿਸੇ ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰ ਨਾਲ ਕਿਵੇਂ ਸੰਪਰਕ ਕਰਾਂ?

ਵਧੇਰੇ ਜਾਣਕਾਰੀ ਲੈਣ ਲਈ, Family Relationship Advice Line (ਫ਼ੈਮਿਲੀ ਰਿਲੇਸ਼ਨਸ਼ਿਪ ਐਡਵਾਈਸ ਲਾਈਨ) 'ਤੇ **1800 050 321** ਨੰਬਰ 'ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਲੈ ਕੇ ਰਾਤ ਦੇ 8 ਵਜੇ ਤੱਕ** ਅਤੇ **ਸ਼ਨੀਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ** ਫ਼ੋਨ ਕਰੋ (ਰਾਸ਼ਟਰੀ ਸਰਕਾਰੀ ਛੁੱਟੀਆਂ ਤੋਂ ਇਲਾਵਾ)।

ਸਰਕਾਰੀ ਸਹਾਇਤਾ ਵਾਲੀ ਸੇਵਾ ਲੱਭਣ ਲਈ, ਤੁਸੀਂ ਔਨਲਾਈਨ ਫ਼ੈਮਿਲੀ ਰਿਲੇਸ਼ਨਸ਼ਿਪਸ ਦੀ ਵੈੱਬਸਾਈਟ www.familyrelationships.gov.au 'ਤੇ ਜਾ ਸਕਦੇ ਹੋ।

ਤੁਸੀਂ Family Dispute Resolution Register (ਪਰਿਵਾਰਕ ਵਿਵਾਦ ਨਿਪਟਾਰਾ ਰਜਿਸਟਰ (https://fdrr.ag.gov.au/) ਦੀ ਵਰਤੋਂ ਕਰਕੇ ਕਿਸੇ ਨਿੱਜੀ FDR ਪ੍ਰੈਕਟੀਸ਼ਨਰ ਨੂੰ ਵੀ ਲੱਭ ਸਕਦੇ ਹੋ। ਤੁਸੀਂ ਇਸ ਨਕਸ਼ੇ ਦੀ ਵਰਤੋਂ ਆਪਣੇ ਨੇੜੇ ਦੇ ਕਿਸੇ ਪ੍ਰੈਕਟੀਸ਼ਨਰ ਨੂੰ ਲੱਭਣ ਲਈ ਕਰ ਸਕਦੇ ਹੋ।

ਚਾਈਲਡ ਸਪੋਰਟ ਬਾਰੇ ਹੋਰ ਜਾਣਕਾਰੀ ਲਈ https://www.servicesaustralia.gov.au/ ਵੇਖੋ।